# ਚੰਗਾ ਰਹਿਣ-ਸਹਿਣ ਦੀ ਲੋੜ

7.12.96

ਗੁਰਸ਼ਰਨ ਸਿੰਘ

ਪੰਜਾਬ ਵਿਚ ਆਉਣ ਵਾਲੀਆਂ ਚੋਣਾਂ ਇਕ ਵੱਡੀ ਅਹਿਮੀਅਤ ਰੱਖਦੀਆਂ ਹਨ। ਪਾਰਟੀਆਂ ਜਾਂ ਪਾਰਟੀਆਂ ਦੇ ਗਠਜੋੜਾਂ ਵੱਲੋਂ ਲੋਕਾਂ ਦੇ ਨਾਲ ਜੋ ਵਾਅਦੇ ਕੀਤੇ ਜਾਣਗੇ, ਉਨ੍ਹਾਂ ਦੇ ਵਿਗਿਆਨਕ ਵਿਸ਼ਲੇਸ਼ਣ ਦੀ ਲੋੜ ਹੈ।

ਇਸ ਵੇਲੇ ਪੰਜਾਬ ਦੇ 100 ਲੋਕਾਂ ਵਿਚੋਂ 19 ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿੰਦੇ ਹਨ ਅਤੇ ਬਾਕੀ 81 ਪੇਂਡੂ ਖੇਤਰ ਵਿਚ ਰਹਿੰਦੇ ਹਨ। ਇਕ ਸਰਵੇਖਣ ਦੱਸਦਾ ਹੈ ਕਿ ਜਿਹੜੇ 19 ਸ਼ਹਿਰਾਂ ਵਿਚ ਰਹਿੰਦੇ ਹਨ, ਉਨ੍ਹਾਂ ਵਿਚੋਂ 5 ਹੀ ਉਹ ਹਨ, ਜਿਨ੍ਹਾਂ ਕੋਲ ਰਹਿਣ-ਸਹਿਣ ਲਈ ਆਧੁਨਿਕ ਸਹੂਲਤਾਂ ਮੁਹੱਈਆ ਹੋਣ, ਬਾਕੀ 14 ਤੰਗ ਗਲੀਆਂ ਵਿਚ, ਗੰਦੀਆਂ ਬਸਤੀਆਂ ਵਿਚ ਜਾਂ ਝੁੱਗੀ-ਝੌਂਪੜੀਆਂ ਵਿਚ ਰਹਿ ਰਹੇ ਹਨ। ਨਾ ਪੀਣ ਲਈ ਸੁਥਰਾ ਪਾਣੀ, ਨਾ ਹਵਾਦਾਰ ਕਮਰਾ, ਨਾ ਰੌਸ਼ਨੀ, ਨਾ ਨਹਾਉਣ ਲਈ ਪਰਦੇ ਵਾਲਾ ਗੁਸਲਖ਼ਾਨਾ ਤੇ ਨਾ ਹੀ ਕੋਈ ਸਾਫ਼ ਜਾਂ ਫਲੱਸ਼ ਵਾਲੀ ਲੈਟਰੀਨ। 81 ਜਿਹੜੇ ਪਿੰਡਾਂ ਵਿਚ ਰਹਿ ਰਹੇ ਹਨ, ਉਨ੍ਹਾਂ ਵਿਚੋਂ 37 ਵਿਹੜਿਆਂ ਵਿਚ ਰਹਿ ਰਹੇ ਹਨ ਤੇ 37 ਕੱਚਿਆਂ ਵਿਚ ਰਹਿ ਰਹੇ ਹਨ, ਸਿਰਫ਼ 7 ਹੀ ਐਸੇ ਹਨ ਜੋ ਕਹਿੰਦੀ-ਕਹਿਲਾਂਦੀ ਰਹਿਣ ਵਾਲੀ ਥਾਂ 'ਤੇ ਰਹਿ ਰਹੇ ਹਨ। ਸਾਰੇ ਅੰਕੜੇ ਇਹ ਸਿੱਧ ਕਰਦੇ ਹਨ ਕਿ 100 ਵਿਚੋਂ 88 ਐਸੇ ਹਨ, ਜੋ ਪਛੜੀ ਜਾਂ ਬੜੀ ਹੀ ਪਛੜੀ ਜ਼ਿੰਦਗੀ ਜੀਅ ਰਹੇ ਹਨ। ਇਸ ਲਈ ਜਦੋਂ ਵੀ ਕਿਸੇ ਪਾਰਟੀ ਦਾ ਪ੍ਰੋਗਰਾਮ ਆਵੇ ਤਾਂ ਪਹਿਲੀ ਗੱਲ ਇਹ ਵੇਖਣੀ ਬਣਦੀ ਹੈ ਕਿ 88 ਲੋਕਾਂ ਨੂੰ ਉਸ ਵਿਚੋਂ ਕੀ ਮਿਲਦਾ ਹੈ? ਉਨ੍ਹਾਂ ਦਾ ਜੀਵਨ ਪੱਧਰ ਕਿੰਨਾ ਉੱਚਾ ਜਾਂਦਾ ਹੈ। ਰਹਿਣ-ਸਹਿਣ ਦਾ ਪੱਧਰ ਚੰਗੇ ਜੀਵਨ ਦੀ ਇਕ ਕਸਵੱਟੀ ਹੈ।

ਸਾਰੀਆਂ ਪਾਰਟੀਆਂ ਆਪਣਾ ਪ੍ਰੋਗਰਾਮ ਦੱਸਣ ਵੇਲੇ ਇਹ ਦਾਅਵਾ ਕਰਦੀਆਂ ਹਨ ਤੇ ਹੁਣ ਵੀ ਕਰਨਗੀਆਂ ਕਿ ਉਹ ਜੇ ਤਾਕਤ ਵਿਚ ਆਏ ਤਾਂ ਲੋਕਾਂ ਨੂੰ ਸਾਫ਼-ਸੁੱਥਰਾ ਪ੍ਰਬੰਧ ਮੁਹੱਈਆ ਕਰਨਗੇ। ਇਹ ਸਾਫ਼-ਸੁਥਰਾ ਪ੍ਰਬੰਧ ਦੇਣਾ ਤਾਂ ਪ੍ਰਬੰਧਕੀ ਦਾ ਫ਼ਰਜ਼ ਹੈ। ਕੋਈ ਵੀ ਪਾਰਟੀ ਇਹ ਕਹਿ ਕੇ ਸੁਰਖ਼ਰੂ ਨਹੀਂ ਹੋ ਸਕਦੀ ਤੇ ਨਾ ਹੀ ਉਹ ਕੋਈ ਨਵੀਂ ਗੱਲ ਕਰੇਗੀ ਜੇ ਉਹ ਸਾਫ਼-ਸੁੱਥਰੇ ਪ੍ਰਬੰਧ ਦਾ ਦਾਅਵਾ ਕਰੇ। ਪਰ ਕੀ ਇਹ ਸਾਫ਼-ਸੁਥਰਾ ਪ੍ਰਬੰਧ 88 ਲੋਕਾਂ ਨੂੰ ਉਹ ਕੁੱਝ ਦੇ ਸਕੇਗਾ ਜੋ ਉਨ੍ਹਾਂ ਦੀ ਵੱਡੀ ਲੋੜ ਹੈ? 88 ਦਾ ਜੀਵਨ ਪੱਧਰ ਕਿਸ ਤਰ੍ਹਾਂ ਉੱਚਾ ਹੋਵੇਗਾ? ਇਹ ਬਹੁਤ ਸਿੱਧਾ ਜਿਹਾ ਸਵਾਲ ਹੈ। ਕਿਸਾਨਾਂ ਨੂੰ ਬਿਜਲੀ-ਪਾਣੀ ਮੁਫ਼ਤ ਮਿਲੇਗਾ, ਵਪਾਰੀਆਂ ਲਈ ਚੁੰਗੀ ਟੈਕਸ ਮੁਆਫ਼ ਹੋਵੇਗਾ, ਕਾਰਖ਼ਾਨੇਦਾਰਾਂ ਨੂੰ ਇੰਸਪੈਕਟਰਾਂ ਦੇ ਚੁੰਗਲ ਤੋਂ ਬਚਾਇਆ ਜਾਵੇਗਾ, ਕੀ ਇਸ ਤਰ੍ਹਾਂ 88 ਨੂੰ ਚੰਗੇ ਘਰ ਮਿਲ ਜਾਣਗੇ? ਆਰਥਕ ਬੇਹਤਰੀ ਲਈ ਜੋ ਵੀ ਕੀਤਾ ਜਾਵੇਗਾ ਕੀ ਉਹ 88 ਤੇ 12 ਦੀਆਂ ਸਹੂਲਤਾਂ ਦੇ ਫ਼ਰਕ ਨੂੰ ਦੂਰ ਕਰੇਗਾ? ਬਹੁਤ ਹੱਦ ਤੱਕ ਇਨ੍ਹਾਂ ਗੱਲਾਂ ਦਾ ਜਵਾਬ 'ਨਹੀਂ' ਵਿਚ ਹੋਵੇਗਾ। ਫੇਰ ਲੋਕ ਕੀ ਕਰਨ? ਕੀ ਉਹ ਇਹ ਸਵਾਲ ਪੁੱਛਣੇ ਛੱਡ ਦੇਣ। 12 ਤੇ ਚਾਹੁੰਣਗੇ ਕਿ ਉਹ ਛੱਡ ਦੇਣ ਕਿਉਂਕਿ ਉਨ੍ਹਾਂ ਨੂੰ ਤਾਂ ਇਨ੍ਹਾਂ ਸਵਾਲਾਂ ਦੇ ਜਵਾਬਾਂ ਦੀ ਲੋੜ ਨਹੀਂ। ਉਨ੍ਹਾਂ ਲਈ ਤਾਂ ਮੁੱਦੇ ਹੀ ਹੋਰ ਹਨ।

*ਪੰਜਾਬ ਦੇ 12500 ਪਿੰਡ ਹਨ। ਉਨ੍ਹਾਂ ਵਿਚ 12500 ਵਿਹੜੇ ਹਨ, ਜਿਨ੍ਹਾਂ ਵਿਚ ਪੰਜਾਬ ਦੇ 100 ਵਿਚੋਂ 37 ਲੋਕ ਰਹਿੰਦੇ ਹਨ। ਆਰਥਕਤਾ ਜਾਂ ਗ਼ਰੀਬੀ ਨਾਲੋਂ ਰਹਿਣ-ਸਹਿਣ ਦੀ ਥਾਂ ਉਨ੍ਹਾਂ ਲਈ ਇਕ ਵੱਡਾ ਮੁੱਦਾ ਹੈ। ਜੰਗਲ-ਪਾਣੀ ਲਈ ਵੀ ਥਾਂ ਨਹੀਂ। ਜੇ ਉਨ੍ਹਾਂ ਦੇ ਭਲੇ ਦੀ ਕਿਸੀ ਵੀ ਪਾਰਟੀ ਜਾਂ ਉਹਦੀ ਸਰਕਾਰ ਨੇ ਗੱਲ ਕਰਨੀ ਹੈ ਤਾਂ ਇਨ੍ਹਾਂ ਵਿਹੜਿਆਂ ਨੂੰ ਮਾਡਰਨ ਕਾਲੋਨੀਆਂ ਵਿਚ ਬਦਲਣਾ ਜ਼ਰੂਰੀ ਹੈ।*

ਪੰਜਾਬ ਦੇ 12500 ਪਿੰਡ ਹਨ। ਉਨ੍ਹਾਂ ਵਿਚ 12500 ਵਿਹੜੇ ਹਨ, ਜਿਨ੍ਹਾਂ ਵਿਚ ਪੰਜਾਬ ਦੇ 100 ਵਿਚੋਂ 37 ਲੋਕ ਰਹਿੰਦੇ ਹਨ। ਆਰਥਕਤਾ ਜਾਂ ਗ਼ਰੀਬੀ ਨਾਲੋਂ ਰਹਿਣ-ਸਹਿਣ ਦੀ ਥਾਂ ਉਨ੍ਹਾਂ ਲਈ ਇਕ ਵੱਡਾ ਮੁੱਦਾ ਹੈ। ਜੰਗਲ-ਪਾਣੀ ਲਈ ਵੀ ਥਾਂ ਨਹੀਂ। ਜੇ ਉਨ੍ਹਾਂ ਦੇ ਭਲੇ ਦੀ ਕਿਸੀ ਵੀ ਪਾਰਟੀ ਜਾਂ ਉਹਦੀ ਸਰਕਾਰ ਨੇ ਗੱਲ ਕਰਨੀ ਹੈ ਤਾਂ ਇਨ੍ਹਾਂ ਵਿਹੜਿਆਂ ਨੂੰ ਮਾਡਰਨ ਕਾਲੋਨੀਆਂ ਵਿਚ ਬਦਲਣਾ ਜ਼ਰੂਰੀ ਹੈ। ਜ਼ਮੀਨ ਦੀ ਥੁੜ ਹੈ। ਕੋਈ ਵੀ ਜ਼ਮੀਨ ਇਕ ਵਰਗ ਲਈ ਜੇਕਰ ਲਈ ਜਾਵੇਗੀ ਤਾਂ ਦੂਜੇ ਵਰਗ ਵੱਲੋਂ ਇਸ ਦੀ ਵਿਰੋਧਤਾ ਲਾਜ਼ਮੀ ਹੈ, ਫੇਰ? ਜ਼ਰੂਰੀ ਹੈ ਕਿ ਵਿਹੜੇ ਵਾਲੀ ਜ਼ਮੀਨ 'ਤੇ ਹੀ ਆਧੁਨਿਕ ਤਰਜ਼ ਦੇ ਤਿੰਨ ਮੰਜ਼ਿਲਾ ਜਾਂ ਚਾਰ ਮੰਜ਼ਿਲਾ ਮਕਾਨ ਜਾਂ ਕਵਾਟਰ ਬਣਾਏ ਜਾਣ। ਉੱਥੇ ਆਧੁਨਿਕ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਸਿਖ਼ਰ ਦੀ ਮੰਜ਼ਿਲ 'ਤੇ ਪਾਣੀ ਦੀ ਟੈਂਕੀ ਹੋਵੇ। 40,40 ਘਰਾਂ ਦੇ ਬਲਾਕ ਬਣਾਏ ਜਾਣ। ਉਨ੍ਹਾਂ ਵਿਚ ਪਾਣੀ, ਬਿਜਲੀ ਦੀ ਸਪਲਾਈ ਹੋਵੇ, ਗੁਸਲਖ਼ਾਨੇ ਹੋਣ, ਫਲੱਸ਼ ਟੱਟੀਆਂ ਹੋਣ। ਬੱਚਿਆਂ ਦੇ ਖੇਡਣ ਲਈ ਬਲਾਕ ਦਾ ਇਕ ਪਾਰਕ ਹੋਵੇ। ਇਸ ਵੇਲੇ ਜਿਹੜੇ ਹੁਣ ਵਿਹੜਿਆਂ ਵਿਚ ਰਹਿ ਰਹੇ ਹਨ, ਉਹ ਆਪਣੇ ਹੱਕਾਂ ਬਾਰੇ ਚੇਤਨ ਹਨ, ਪਰ ਫੇਰ ਵੀ ਉਨ੍ਹਾਂ ਕੋਲੋਂ ਇਹ ਉਮੀਦ ਨਾ ਰੱਖੀ ਜਾਏ ਕਿ ਉਹ ਹੀ ਸੰਘਰਸ਼ ਕਰਨ। ਇਹ ਚੰਗੀ ਜ਼ਿੰਦਗੀ ਦਾ ਸੰਕਲਪ ਉਨ੍ਹਾਂ ਨੂੰ ਰਾਜਸੀ ਪਾਰਟੀਆਂ ਅਤੇ ਸਰਕਾਰੀ ਅਦਾਰਿਆਂ ਨੇ ਦੇਣਾ ਹੈ। ਇਕ ***ਵੱਖਰੀ ਵਿਹੜਾ ਵਿਕਾਸ ਕਾਰਪੋਰੇਸ਼ਨ*** ਬਣਨੀ ਜ਼ਰੂਰੀ ਹੈ। ਇਹੀ ਕਾਰਪੋਰੇਸ਼ਨ ਕਾਲੋਨੀਆਂ ਲਈ ਪਹਿਲੇ ਪੈਸਾ ਲਗਾਏ ਤੇ ਲੋੜ ਪਈ ਇਹ ਹੌਲੇ-ਹੌਲੇ ਵਾਪਸ ਵੀ ਉਗਰਾਹਿਆ ਜਾ ਸਕੇਗਾ ਪਰ ਪਹਿਲਕਦਮੀ ਕਾਰਪੋਰੇਸ਼ਨ ਨੂੰ ਹੀ ਕਰਨੀ ਪਵੇਗੀ। ਇਕ ਐਸਾ ਪ੍ਰਾਜੈਕਟ ਵਿਉਂਤਿਆ ਜਾਏਗਾ ਕਿ 12500 ਪਿੰਡਾਂ ਦੇ ਵਿਹੜਿਆਂ ਨੂੰ ਆਉਣ ਵਾਲੇ 10 ਸਾਲਾਂ ਵਿਚ ਆਧੁਨਿਕ ਸਹੂਲਤਾਂ ਵਾਲੀਆਂ ਕਾਲੋਨੀਆਂ ਵਿਚ ਬਦਲ ਦਿੱਤਾ ਜਾਏ। ਇਸੇ ਤਰ੍ਹਾਂ ਇਕ ਹੋਰ ਕਾਰਪੋਰੇਸ਼ਨ ਕੱਚਿਆਂ ਨੂੰ ਆਧੁਨਿਕ ਸਹੂਲਤਾਂ ਵਾਲੇ ਪਿੰਡਾਂ ਵਿਚ ਬਦਲੇ। ਬਹੁਤ ਕੁੱਝ ਹੁਣ ਵਾਲੇ ਪਿੰਡਾਂ ਦਾ ਢਾਹ ਕੇ ਨਵਾਂ ਉਸਾਰਨਾ ਪਵੇਗਾ। ਇਹ ਕੰਮ ਪੰਚਾਇਤਾਂ ਦੇ ਸਹਿਯੋਗ ਨਾਲ ਸਿਰੇ ਚੜ੍ਹੇਗਾ। 100 ਵਿਚੋਂ 14 ਗ਼ਰੀਬ ਜੋ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਵਿਚ ਰਹਿੰਦੇ ਹਨ, ਉਨ੍ਹਾਂ ਵੱਲ ਉਚੇਚਾ ਧਿਆਨ ਦੇਣਾ ਪਵੇਗਾ। ਹੁਣ ਵਾਲੀਆਂ ਪੂਡਾ ਦੀਆਂ ਕੋਸ਼ਿਸ਼ਾਂ ਕਾਫ਼ੀ ਨਹੀਂ। ਪੰਜਾਬ ਵਿਚ ਚੰਡੀਗੜ੍ਹ ਦੀਆਂ ਸਹੂਲਤਾਂ ਇਕ ਮਾਡਲ ਮੁਹੱਈਆ ਕਰ ਸਕਦੀਆਂ ਹਨ। ਲੋੜ ਹੈ ਕਿ ਇਹ ਸਹੂਲਤਾਂ ਹਰ ਇਕ ਨੂੰ ਮੁਹੱਈਆ ਹੋਣ।

ਪੰਜਾਬ ਦੇ ਲੋਕਾਂ ਨੇ ਵੇਖਣਾ ਹੈ ਕਿ ਕਿਹੜੀ ਪਾਰਟੀ ਉਨ੍ਹਾਂ ਨੂੰ ਚੰਗੇ ਜੀਵਨ ਲਈ ਕੋਈ ਪ੍ਰੋਗਰਾਮ ਦੇ ਸਕਦੀ ਹੈ? ਖੱਬੀਆਂ ਪਾਰਟੀਆਂ ਵੱਲੋਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ। 12 ਦੀ ਲੋੜ ਕੋਈ ਹੋਰ ਹੋ ਸਕਦੀ ਹੈ, 88 ਦੀ ਲੋੜ ਚੰਗੇ ਜੀਵਨ ਦੀ ਹੈ।